BC Centre for Disease Control
Provincial Health Services Authority

Provincial Tuberculosis Services

Main Switchboard 604 707 2692
TB Services Fax 604 707 2690

www.bccdc.ca

Punjabi

# ਪਾਰਾ-ਅਮੀਨੋਸੈਲੀਸਿਲਿਕ ਐਸਿਡ
# para-Aminosalicylic acid

ਪਾਰਾ-ਅਮੀਨੋਸੇਲੀਸਿਲਿਕ ਐਸਿਡ (ਪੇਸਰ) ਇੱਕ ਐਂਟੀਬਾਇਟਿਕ ਦਵਾਈ ਹੈ ਜਿਸ ਦੀ ਵਰਤੋਂ ਟੀ.ਬੀ. ਦੇ ਇਲਾਜ ਲਈ ਕੀਤੀ ਜਾਂਦੀ ਹੈ।

## ਮੈਨੂੰ ਇਹ ਦਵਾਈ ਕਦੋਂ ਲੈਣੀ ਚਾਹੀਦੀ ਹੈ? (When should I take this?)

- ਪੇਟ ਖ਼ਰਾਬ ਹੋਣ ਦੇ ਆਸਾਰ ਘਟਾਉਣ ਲਈ ਇਸ ਦਵਾਈ ਨੂੰ ਖਾਣੇ ਦੇ ਨਾਲ ਲਓ।
- ਇਸ ਨੂੰ ਹਰ ਰੋਜ਼ ਇੱਕੋ ਸਮੇਂ 'ਤੇ ਲਓ। ਅਜਿਹਾ ਕਰਨ ਨਾਲ ਤੁਹਾਨੂੰ ਦਵਾਈ ਲੈਣੀ ਯਾਦ ਰਹੇਗੀ।

## ਮੈਨੂੰ ਇਹ ਦਵਾਈ ਕਿਵੇਂ ਲੈਣੀ ਚਾਹੀਦੀ ਹੈ? (How should I take this?)

- ਇਹ ਬਹੁਤ ਜ਼ਰੂਰੀ ਹੈ ਕਿ ਤੁਸੀਂ ਇਸ ਦਵਾਈ ਨੂੰ ਨੇਮਬੱਧ ਢੰਗ ਨਾਲ ਲਓ।
- ਜਦੋਂ ਦਵਾਈ ਲੈਣ ਲਈ ਤਿਆਰ ਹੋਵੋ ਤਾਂ ਹੀ ਪੈਕਟ ਨੂੰ ਖੋਲ੍ਹੋ। ਇਸ ਦਵਾਈ ਦੇ ਸਾਰੇ ਦਾਣਿਆਂ ਨੂੰ ਐਪਲ ਸੌਸ ਜਾਂ ਦਹੀਂ ਜਿਹੇ ਖੱਟੇ ਭੋਜਨਾਂ ਉੱਪਰ ਪਾਓ ਜਾਂ ਟਮਾਟਰਾਂ ਦਾ ਜੂਸ, ਸੰਤਰੇ ਦਾ ਜੂਸ, ਅੰਗੂਰਾਂ ਦਾ ਜੂਸ, ਕ੍ਰੈਨਬੈਰੀ ਜੂਸ ਜਾਂ ਫ਼ਰੂਟ ਪੰਚ ਜਿਹੀਆਂ ਫਲਾਂ ਤੋਂ ਬਣੀਆਂ ਪੀਣ ਵਾਲੀਆਂ ਚੀਜ਼ਾਂ ਵਿੱਚ ਘੋਲ ਕੇ ਮਿਲਾਅ ਲਓ ਅਤੇ ਇਨ੍ਹਾਂ ਦਾਣਿਆਂ ਨੂੰ ਚਬਾਏ ਬਗ਼ੈਰ ਨਿਗਲੋ।
- **ਜੇਕਰ ਪੈਕਟ ਫੁੱਲਿਆ ਹੋਵੇ ਜਾਂ ਜੇਕਰ ਦਾਣਿਆਂ ਦਾ ਰੰਗ ਹਲਕੇ ਭੂਰੇ ਰੰਗ ਦੀ ਥਾਂ ਗੂੜ੍ਹਾ ਭੂਰਾ ਜਾਂ ਜਾਮਣੀ ਹੋਇਆ ਹੋਵੇ ਤਾਂ ਇਸਤੇਮਾਲ ਨਾ ਕਰੋ।**
- ਖ਼ਾਲੀ ਦਾਣੇ ਟੱਟੀ ਵਿੱਚ ਦਿਖਾਈ ਦੇ ਸਕਦੇ ਹਨ - ਇਹ ਨਾਰਮਲ ਹੈ।

## ਜੇ ਮੈਂ ਦਵਾਈ ਦੀ ਖ਼ੁਰਾਕ ਲੈਣੀ ਭੁੱਲ ਜਾਵਾਂ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ? (What should I do if I miss a dose?)

- ਜੇ ਤੁਸੀਂ ਦਵਾਈ ਦੀ ਕੋਈ ਖ਼ੁਰਾਕ ਲੈਣੀ ਭੁੱਲ ਜਾਂਦੇ ਹੋ ਤਾਂ ਯਾਦ ਆਉਣ 'ਤੇ ਤੁਰੰਤ ਉਹ ਖ਼ੁਰਾਕ ਲੈ ਲਓ। ਪਰ ਜੇ ਅਗਲੇ ਦਿਨ ਦੀ ਖ਼ੁਰਾਕ ਦਾ ਸਮਾਂ ਹੋਣ ਵਾਲਾ ਹੈ ਤਾਂ ਭੁੱਲੀ ਹੋਈ ਖ਼ੁਰਾਕ ਨੂੰ ਨਾ ਲਓ।
- **ਦੁੱਗਣੀ ਖ਼ੁਰਾਕ ਨਾ ਲਓ।**

## ਇਹ ਦਵਾਈ ਲੈਂਦੇ ਹੋਏ ਕੀ ਮੈਨੂੰ ਕੋਈ ਪਰਹੇਜ਼ ਕਰਨਾ ਚਾਹੀਦਾ ਹੈ? (Is there anything I should avoid when taking this?)

- ਜੇਕਰ ਤੁਸੀਂ ਕਾਊਂਟਰ ਤੋਂ ਮਿਲਣ ਵਾਲੇ ਪ੍ਰੌਡੱਕਟਾਂ (ਜਿਨ੍ਹਾਂ ਲਈ ਡਾਕਟਰੀ ਨਿਰਦੇਸ਼ ਦੀ ਲੋੜ ਨਹੀਂ ਹੁੰਦੀ) ਸਮੇਤ ਕੋਈ ਹੋਰ ਦਵਾਈਆਂ ਲੈ ਰਹੇ ਹੋ ਤਾਂ **ਪੇਸਰ** ਲੈਣ ਤੋਂ ਪਹਿਲਾਂ ਆਪਣੇ ਡਾਕਟਰ, ਨਰਸ ਜਾਂ ਫ਼ਾਰਮਾਸਿਸਟ (ਦਵਾਸਾਜ਼) ਨੂੰ ਦੱਸੋ। ਡਾਕਟਰ ਜਾਂ ਫ਼ਾਰਮਾਸਿਸਟ ਦੀ ਸਲਾਹ ਤੋਂ ਬਗ਼ੈਰ ਕੋਈ ਨਵੀਂ ਦਵਾਈ ਲੈਣੀ ਸ਼ੁਰੂ ਨਾ ਕਰੋ।

## ਕੁਝ ਸੰਭਾਵੀ ਮਾੜੇ ਪ੍ਰਭਾਵ ਕੀ ਹਨ? (What are some possible side effects?)

- ਜੀਅ ਕੱਚਾ ਹੋਣਾ ਅਤੇ ਉਲਟੀਆਂ ਲੱਗਣੀਆਂ
- ਦਸਤ ਲੱਗਣੇ
- ਪੇਟ ਵਿਚ ਦਰਦ



Provincial Health Services Authority
Province-wide solutions.
Better health.

ACCREDITED • AGRÉÉ • CCHSA • CCASS

*A research and teaching centre affiliated with UBC*

Punjabi

# ਪਾਰਾ-ਅਮੀਨੋਸੈਲੀਸਿਲਿਕ ਐਸਿਡ
# para-Aminosalicylic acid

**ਸਾਵਧਾਨ (Caution): ਜੇ ਤੁਹਾਨੂੰ ਹੇਠ ਲਿਖੇ ਲੱਛਣਾਂ ਦਾ ਅਨੁਭਵ ਹੋਵੇ ਤਾਂ ਤੁਰੰਤ ਆਪਣੇ ਡਾਕਟਰ ਜਾਂ ਨਰਸ ਨੂੰ ਫ਼ੋਨ ਕਰੋ:**

- ਧੱਫੜ
- ਬੁਖ਼ਾਰ
- ਵਾਰ-ਵਾਰ ਜੀਅ ਕੱਚਾ ਹੋਣਾ ਜਾਂ ਉਲਟੀਆਂ ਆਉਣੀਆਂ
- ਭੁੱਖ ਨਾ ਲੱਗਣੀ
- ਚਮੜੀ ਜਾਂ ਅੱਖਾਂ ਦੇ ਚਿੱਟੇ ਹਿੱਸੇ ਦਾ ਪੀਲਾਪਨ
- ਅਸਾਧਾਰਣ ਥਕਾਵਟ ਜਾਂ ਕਮਜ਼ੋਰੀ
- ਗੂੜ੍ਹੇ ਰੰਗ, ਗੁਲਾਬੀ ਜਾਂ ਖ਼ੂਨ ਵਾਲਾ ਪਿਸ਼ਾਬ
- ਜਾਰੀ ਰਹਿਣ ਵਾਲੇ ਕੋਈ ਵੀ ਹੋਰ ਮਾੜੇ ਪ੍ਰਭਾਵ

**ਉੱਪਰ ਲਿਖਿਆਂ ਲੱਛਣਾਂ ਤੋਂ ਇਲਾਵਾ ਜੇ ਕੋਈ ਹੋਰ ਅਸਾਧਾਰਣ ਲੱਛਣ ਮਹਿਸੂਸ ਹੋਏ ਤਾਂ ਆਪਣੇ ਡਾਕਟਰ ਨੂੰ ਦੱਸੋ।**

ਜੇ ਤੁਸੀਂ ਇੱਕ ਮਹੀਨੇ ਤੋਂ ਜ਼ਿਆਦਾ ਸਮੇਂ ਲਈ ਪੇਸਰ ਲਓ ਤਾਂ ਤੁਹਾਨੂੰ ਵਿਟਾਮਿਨ ਬੀ12 ਦੇ ਟੀਕੇ ਲਗਵਾਉਣ ਦੀ ਲੋੜ ਪੈ ਸਕਦੀ ਹੈ। ਜੇ ਤੁਹਾਨੂੰ ਕਮਜ਼ੋਰੀ ਜਾਂ ਥਕਾਵਟ ਮਹਿਸੂਸ ਹੋਵੇ ਤਾਂ ਆਪਣੇ ਡਾਕਟਰ ਨਾਲ ਗੱਲ-ਬਾਤ ਕਰੋ।

ਪੇਸਰ ਕਾਰਣ ਪਿਸ਼ਾਬ ਦੇ **ਕੀਟੋਨ ਟੈਸਟ** ਪ੍ਰਭਾਵਿਤ ਹੋ ਸਕਦੇ ਹਨ।

ਜੇਕਰ ਤੁਸੀਂ ਗਰਭਵਤੀ ਹੋ, ਗਰਭ ਧਾਰਨ ਕਰਨ ਦੀ ਯੋਜਨਾ ਬਣਾ ਰਹੇ ਹੋ ਜਾਂ ਆਪਣੇ ਬੱਚੇ ਨੂੰ ਆਪਣਾ ਦੁੱਧ ਚੁੰਘਾਉਣ ਦੀ ਇੱਛਾ ਰੱਖਦੇ ਹੋ ਤਾਂ ਇਸ ਬਾਰੇ ਆਪਣੇ ਡਾਕਟਰ ਨੂੰ ਦੱਸੋ।

**ਮੈਨੂੰ ਇਹ ਦਵਾਈ ਕਿੱਥੇ ਰੱਖਣੀ ਚਾਹੀਦੀ ਹੈ? (Where should I store this medication?)**

- ਵਰਤੋਂ ਕਰਨ ਦੇ ਸਮੇਂ ਤੋਂ ਪਹਿਲਾਂ ਤੱਕ ਪੈਕਟ ਬੰਦ ਰੱਖੋ।
- ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖੋ।
- ਦਵਾਈ ਨੂੰ **ਫਰਿੱਜ** ਜਾਂ **ਫ਼ਰੀਜ਼ਰ** ਵਿੱਚ (15°C ਤੋਂ ਘੱਟ ਤਾਮਪਾਨ) ਰੱਖੋ।
- ਬਹੁਤ ਜ਼ਿਆਦਾ ਤਪਸ਼ ਤੋਂ ਪਰਹੇਜ਼ ਕਰੋ।
- ਸਿੱਧੀ ਰੋਸ਼ਨੀ ਤੋਂ ਬਚਾਅ ਕੇ ਰੱਖੋ।

**ਜੇ ਮੇਰੇ ਕੋਈ ਹੋਰ ਸਵਾਲ ਹੋਣ ਤਾਂ ਮੈਂ ਕਿੱਥੇ ਫ਼ੋਨ ਕਰਾਂ? (Where do I call if I have any other questions?)**

ਆਪਣੇ ਡਾਕਟਰ ਨੂੰ, ਕਲੀਨਿਕ ਵਿਖੇ ਜਾਂ ਪਬਲਿਕ ਹੈਲਥ ਯੂਨਿਟ ਵਿਖੇ: ____________________

| | |
|---|---|
| ਵੈਨਕੂਵਰ ਟੀ.ਬੀ. ਸਰਵਿਸਿਜ਼ ਕਲੀਨਿਕ: | 604-707-2692 |
| ਨਿਊ ਵੈਸਟਮਿਨਸਟਰ ਟੀ.ਬੀ. ਸਰਵਿਸਿਜ਼ ਕਲੀਨਿਕ: | 604-707-2698 |
| ਬੀ.ਸੀ.ਸੀ.ਡੀ.ਸੀ. ਵੈਕਸੀਨ ਅਤੇ ਫ਼ਾਰਮੇਸੀ ਸੇਵਾਵਾਂ: | 604-707-2580 |



Provincial Health Services Authority
Province-wide solutions.
Better health.
ACCREDITED • AGRÉÉ • CCHSA • CCASS
*A research and teaching centre affiliated with UBC*